# ਸੰਪਾਦਕੀ

'ਆਤਮ ਮਾਰਗ' ਦੇ ਸਮੂੰਹ ਪਾਠਕ ਸਭ ਤੋਂ ਪਹਿਲਾਂ ਇਹ ਜਾਣਨਾ ਲੋਚਦੇ ਹਨ ਕਿ ਹੁਣ ਮਹਾਂਪੁਰਸ਼ਾਂ ਦੀ ਸਿਹਤ ਕੈਸੀ ਹੈ? ਆਪ ਜੀ ਕਦੋਂ ਆਮ ਸੰਗਤ ਵਿਚ ਵਿਚਰ ਕੇ ਦਰਸ਼ਨ ਦੀਦਾਰ ਦੇਣਗੇ? ਐਸੀ ਜਗਿਆਸਾ ਹੋਣੀ ਕੁਦਰਤੀ ਗੱਲ ਹੈ ਕਿਉਂਕਿ ਸਾਰੇ ਪ੍ਰੇਮੀ ਮਹਾਂਪੁਰਸ਼ਾਂ ਨੂੰ ਦਿਲੋਂ ਪਿਆਰ ਕਰਦੇ ਹਨ। ਮਹਾਂਪੁਰਸ਼ ਆਪ ਤਾਂ ਪਿਆਰ ਦਾ ਹੀ ਸ਼ਹੁ ਸਾਗਰ ਹਨ, ਉਹ ਸਾਡੇ ਪਿਆਰ ਤੋਂ ਕਈ ਗੁਣਾਂ ਵੱਧ ਸਾਨੂੰ ਪਿਆਰ ਦਿੰਦੇ ਹਨ। ਮਿਤੀ 19-9-99 ਐਤਵਾਰ ਦੇ ਦੀਵਾਨ ਵਿਚ ਜਦੋਂ ਆਪ ਜੀ ਦੇ ਟੇਪ ਕੀਤੇ ਬਚਨ ਸੁਣਾਏ ਗਏ ਤਾਂ ਬੜੀ ਦਰਦ ਭਰੀ ਆਵਾਜ਼ ਵਿਚ ਆਪ ਜੀ ਨੇ ਸੰਗਤਾਂ ਦੇ ਦਰਸ਼ਨ ਦੀਦਾਰ ਕਰਨ ਦੀ ਤੀਬਰ ਲੋਚਾ ਪ੍ਰਗਟ ਕੀਤੀ ਅਤੇ ਦੱਸਿਆ ਕਿ ਸਤਿਸੰਗ ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ; ਡਾਕਟਰਾਂ ਦੀ ਰੋਕ ਕਾਰਨ ਉਹ ਸਤਿਸੰਗ ਵਿਚ ਨਹੀਂ ਆ ਸਕਦੇ ਅਤੇ ਇਸ ਕਾਰਨ ਉਨ੍ਹਾਂ ਦੇ ਅੰਦਰ ਖੋਹ ਪੈ ਰਹੀ ਹੈ। ਐਸੇ ਸੁਹਿਰਦ, ਹਰਮਨ ਪਿਆਰੇ, ਮਿੱਠ ਬੋਲੜੇ ਪਰਉਪਕਾਰੀ ਮਹਾਂਪੁਰਸ਼ ਸਭ ਨੂੰ ਪਿਆਰੇ ਲਗਦੇ ਹਨ। ਸਭ ਦੀਆਂ ਅਰਦਾਸਾਂ ਸਦਕਾ ਓਪਰੇਸ਼ਨ ਬਹੁਤ ਸਫਲ ਰਿਹਾ ਅਤੇ ਬਾਅਦ ਵਿਚ ਸਿਹਤਯਾਬੀ ਵੀ ਠੀਕ ਰਫਤਾਰ ਨਾਲ ਹੋਈ ਪਰ ਨਾਲ ਹੀ ਹਰਪੀਜ਼ (ਜਿਸ ਨੂੰ ਦੇਸੀ ਭਾਸ਼ਾ ਵਿਚ ਜਨੇਊ ਕਹਿੰਦੇ ਹਨ) ਦੀ ਤਕਲੀਫ ਹੋ ਗਈ ਜਿਸ ਨੇ ਕਾਫੀ ਪਰੇਸ਼ਾਨ ਕੀਤਾ। ਹੋਮਿਓਪੈਥੀ ਦੀ ਦਵਾਈ ਨਾਲ ਹੁਣ ਕਾਫੀ ਆਰਾਮ ਹੋ ਰਿਹਾ ਹੈ ਅਤੇ ਇਹ ਪਰਚਾ ਆਪ ਜੀ ਤਕ ਪੁੱਜਣ ਸਮੇਂ, ਆਪ ਸਭ ਦੀਆਂ ਅਰਦਾਸਾਂ ਅਤੇ ਗੁਰੂ ਮਿਹਰ ਸਦਕਾ ਮਹਾਂਪੁਰਸ਼ ਪੂਰੀ ਤਰ੍ਹਾਂ ਸੁਅਸਥ ਹੋਣਗੇ।

ਡਾਕਟਰਾਂ ਦੀਆਂ ਹਦਾਇਤਾਂ ਕਾਰਨ ਭਾਵੇਂ ਹਾਲੀ ਖੁਲ੍ਹੇ ਦਰਸ਼ਨ ਦੀਦਾਰ ਨਹੀਂ ਹੁੰਦੇ ਪਰ ਟੈਲੀਫੋਨ ਰਾਹੀਂ ਸੰਪਰਕ ਬਣਿਆ ਰਹਿੰਦਾ ਹੈ। ਆਪ ਜੀ ਸਭ ਪਾਠਕਾਂ ਨਾਲ ਸਨੇਹ ਕਰਦਿਆਂ ਅਤੇ ਆਤਮ ਮਾਰਗ ਦੀ ਨਿਰੰਤਰ ਹੋਂਦ ਬਣੀ ਰਹੇ, ਇਸ ਪੱਖ ਨੂੰ ਮੁੱਖ ਰਖਦਿਆਂ ਮਹਾਂਪੁਰਸ਼ਾਂ ਵਲੋਂ ਆਪ ਸਭ ਲਈ ਇਕ ਵਿਸ਼ੇਸ਼ ਸੰਦੇਸ਼ ਅਤੇ ਅਸੀਸ ਹੈ। ਮਹਾਂਪੁਰਸ਼ਾਂ ਨੇ ਆਦੇਸ਼ ਕੀਤਾ ਹੈ ਆਪ ਆਤਮ ਮਾਰਗ ਦੇ ਸਭ ਪ੍ਰੇਮੀ ਜੀਵਨ ਕਾਲ ਲਈ ਮੈਂਬਰਸ਼ਿਪ (life-membership) ਲੈ ਲੈਣ ਅਤੇ ਇਸ ਨੂੰ ਸਦੀਵ-ਕਾਲ ਲਈ ਜਾਰੀ ਰੱਖਣ ਵਿਚ ਯੋਗਦਾਨ ਪਾਉਣ। ਸਹੂਲਤ ਇਹ ਹੈ ਕਿ ਕੇਵਲ 2000/- (ਦਸ ਸਾਲ ਦਾ ਚੰਦਾ) ਦੇ ਕੇ ਆਪ ਜੀ ਨੂੰ 20 ਸਾਲ ਲਈ ਨਿਰੰਤਰ ਆਤਮ ਮਾਰਗ ਮਿਲਦਾ ਰਹੇਗਾ। 20 ਸਾਲਾਂ ਪਿਛੋਂ ਆਪ ਜੀ ਨੇ ਕੇਵਲ ਵਧੇ ਹੋਏ ਦਰ ਦਾ ਅੰਤਰ ਦੇਣਾ ਹੋਵੇਗਾ, ਉਹ ਵੀ ਆਪ ਜੀ ਦੀ ਰਜ਼ਾਮੰਦੀ ਨਾਲ ਅਤੇ ਅਗਲੇ 20 ਸਾਲ ਹੋਰ ਇਹ ਪਰਚਾ ਆਪ ਜੀ ਨੂੰ ਮਿਲਦਾ ਰਹੇਗਾ। ਇਸ ਤਰ੍ਹਾਂ ਆਪ ਜੀ ਦੇ ਪਰਿਵਾਰ ਨੂੰ ਸਦੀਵ ਕਾਲ ਲਈ ਇਹ ਸੌਗਾਤ ਮਿਲਦੀ ਰਹੇਗੀ। ਮਹਾਂਪੁਰਸ਼ਾਂ ਦਾ ਇਹ ਵੀ ਫੁਰਮਾਨ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ (22 ਦਸੰਬਰ 1999) ਤਕ ਸਾਰੇ ਪ੍ਰੇਮੀ ਲਾਈਫ ਮੈਂਬਰ ਬਣ ਜਾਣ। ਅਸੀਂ ਉਨ੍ਹਾਂ ਦੇ ਬਚਨਾਂ ਤੇ ਫੁੱਲ ਚੜ੍ਹਾਉਣੇ ਹਨ, ਉਨ੍ਹਾਂ ਦੀ ਖੁਸ਼ੀ ਅਤੇ ਅਸੀਸ ਲੈਣੀ ਹੈ। ਜਦੋਂ ਉਹ ਤੰਦਰੁਸਤ ਹੋ ਕੇ ਦੀਵਾਨ ਵਿਚ ਆਉਣ ਤਾਂ ਅਸੀਂ ਉਨ੍ਹਾਂ ਨੂੰ ਘੱਟੋ-ਘੱਟ 10,000 ਲਾਈਫ ਮੈਂਬਰਸ਼ਿਪ ਦੀ ਲਿਸਟ ਦੇਣ ਦੀ ਪ੍ਰਸੰਨਤਾ ਲੈ ਸਕੀਏ। ਐਸੀ ਯੋਜਨਾ ਵਿਚ ਲਾਭ ਹੀ ਲਾਭ ਹੈ। ਪਹਿਲੇ 20 ਸਾਲ ਸਾਨੂੰ ਅੱਧੀ ਕੀਮਤ ਤੇ ਆਤਮ ਮਾਰਗ ਮਿਲਦਾ ਰਹੇਗਾ, ਅੱਗੋਂ ਇਸ ਦੀ ਕੀਮਤ 10-20% ਰਹਿ ਜਾਵੇਗੀ ਅਤੇ ਸਾਡੇ ਪੁੱਤ ਪੋਤੇ ਇਸ ਅਨਮੋਲਕ ਸੁਗਾਤ ਲਈ ਸਾਨੂੰ ਯਾਦ ਰਖਣਗੇ। ਇਹ ਕਾਰਜ ਆਪ ਜੀ ਨੇ ਸ਼ੀਘਰ ਹੀ ਕਰ ਲੈਣਾ ਹੈ। ਲਾਈਫ ਮੈਂਬਰਸ਼ਿਪ ਲਈ ਫਾਰਮ ਅਗਲਿਆਂ ਪੰਨਿਆਂ ਵਿਚ ਲਾ ਦਿਤਾ ਗਿਆ ਹੈ।

ਨਵੰਬਰ ਦੇ ਮਹੀਨੇ ਵਿਚ ਦੋ ਮਹਾਨ ਗੁਰਪੁਰਬ ਆ ਰਹੇ ਹਨ। ਗੁਰੂ ਤੇਗ ਬਹਾਦਰ ਜੀ ਦੀ ਮਹਾਨ ਸ਼ਹੀਦੀ ਦਾ ਉਲੇਖ 'ਕੀਨੋ ਬਡੋ ਕਲੂ ਮਹਿ ਸਾਕਾ' ਲੇਖ ਵਿਚ ਦਿਤਾ ਜਾ ਰਿਹਾ ਹੈ। ਧਰਮ ਦੀ ਆਜ਼ਾਦੀ ਲਈ ਕੀਤਾ ਇਹ ਮਹਾਨ ਬਲੀਦਾਨ ਸਦੀਵ ਕਾਲ ਲਈ ਲੋਕ ਮਨਾਂ ਨੂੰ ਸੇਧ ਬਖਸ਼ਦਾ ਰਹੇਗਾ। ਗੁਰੂ ਨਾਨਕ ਦੇਵ ਜੀ ਦੇ ਆਗਮਨ, ਸਬੰਧੀ 'ਗੁਰਮੁਖਿ ਕਲਿ ਵਿਚ ਪ੍ਰਗਟ ਹੋਆ' ਲੇਖ ਮਹਾਂਪੁਰਸ਼ਾਂ ਦੀ ਕਿਰਤ ਹੈ ਜਿਸ ਵਿਚ ਆਪ ਜੀ ਨੇ ਸਮੇਂ ਦੀ ਅਧੋਗਤੀ ਦਾ ਵਿਵਰਣ ਦੇ ਕੇ ਦੱਸਿਆ ਹੈ ਕਿ ਜਦੋਂ ਸਮਾਜ ਦਾ ਸਾਰਾ ਢਾਂਚਾ ਹੀ ਸੱਚੀਆਂ ਸੁੱਚੀਆਂ ਕਦਰਾਂ ਕੀਮਤਾਂ ਗਵਾ ਬੈਠਦਾ ਹੈ ਤਾਂ ਬੜੀ ਅੰਧਕਾਰਮਈ ਅਵਸਥਾ ਪੈਦਾ ਹੋ ਜਾਂਦੀ ਹੈ। ਇਸ ਅੰਧਕਾਰਮਈ ਅਵਸਥਾ ਵਿਚ ਗੁਰੂ ਨਾਨਕ ਦੇਵ ਜੀ ਦਾ ਅਵਤਰਣ ਹੋਇਆ ਅਤੇ ਜਿਵੇਂ ਸੂਰਜ ਦੇ ਪ੍ਰਕਾਸ਼ ਹੋਣ ਨਾਲ ਅਨ੍ਹੇਰਾ ਨਸ ਜਾਂਦਾ ਹੈ ਤਿਵੇਂ ਗੁਰੂ ਜੀ ਦੇ ਰੱਬੀ ਉਪਦੇਸ਼ਾਂ ਅਤੇ ਨਾਮ ਦੀ ਮਿੱਠੀ ਫੁਹਾਰ ਰਾਹੀਂ ਲੋਕ ਮਨਾਂ ਵਿਚੋਂ ਅਗਿਆਨਤਾ ਦਾ ਅੰਧਕਾਰ ਬਿਨਾਸ ਹੋਇਆ ਅਤੇ ਸੁਖ, ਸ਼ਾਂਤੀ, ਸਹਿਨਸ਼ੀਲਤਾ ਦਾ ਵਾਤਾਵਰਣ ਉਤਪੰਨ ਹੋਇਆ।

'ਆਤਮ ਮਾਰਗ' ਦੇ ਸਮੂੰਹ ਲੇਖ ਬੜੇ ਉਚ ਪੱਧਰ ਦੇ ਮਿਆਰੀ ਲੇਖ ਹੁੰਦੇ ਹਨ। ਦੇਸ ਪ੍ਰਦੇਸ ਤੋਂ ਆਉਂਦੀਆਂ ਚਿੱਠੀਆਂ, ਟੈਲੀਫੋਨ, ਫੈਕਸ ਅਤੇ ਇੰਟਰਨੈਟ ਤੋਂ ਪ੍ਰਾਪਤ ਸੁਨੇਹੇ ਇਸ ਗੱਲ ਦੀ ਗਵਾਹੀ ਭਰਦੇ ਹਨ। ਮਹਾਂਪੁਰਸ਼ਾਂ ਦੇ ਲੜੀਵਾਰ ਲੇਖ 'ਕਿਵ ਸਚਿਆਰਾ ਹੋਈਐ', 'ਅਮਰ ਕਥਾ' ਅਤੇ 'ਤਾਂਘਦੇ ਸਾਧਕ' ਪਾਠਕ ਦੀ ਕਾਇਆਂ ਕਲਪ ਕਰਨ ਵਾਲੇ ਅਨੁਭਵੀ ਲੇਖ ਹਨ ਜੋ ਸਾਨੂੰ ਟੁੰਬਦੇ ਤੇ ਹਲੂਣਦੇ ਵੀ ਹਨ ਅਤੇ ਮਾਰਗ ਦਰਸ਼ਨ ਵੀ ਕਰਦੇ ਹਨ। ਏਸੇ ਤਰ੍ਹਾਂ ਸਵਾਮੀ ਰਾਮ ਜੀ 'ਪਵਿੱਤਰ ਪੈਂਡਾ' ਵਿਚ ਉਪਨਿਸ਼ਦਾਂ ਦੇ ਪ੍ਰਸੰਗ ਵਿਚ ਸੱਚ ਦਾ ਮਾਰਗ ਦਰਸਾ ਰਹੇ ਹਨ, ਦੂਜੇ ਲੇਖ ਵਿਚ 'ਭਗਵਤ ਗੀਤਾ ਦੀ ਚਿਰ ਸਥਾਈ ਆਤਮ ਵਿਦਿਆ' ਨੂੰ ਮਨੋਵਿਗਿਆਨਕ ਢੰਗ ਨਾਲ ਸਪਸ਼ਟ ਕਰਦੇ ਹਨ। 'ਪ੍ਰਾਣ ਵਿਗਿਆਨ' ਲੇਖਾਂ ਦੀ ਇਕ ਨਵੀਂ ਲੜੀ ਸ਼ੁਰੂ ਹੋਈ ਹੈ ਜਿਸ ਨੂੰ ਪੜ੍ਹ ਕੇ ਸ੍ਵਾਸ ਸ੍ਵਾਸ ਸਿਮਰਨ ਕਰਨ ਵਿਚ ਸਹਾਇਤਾ ਮਿਲਦੀ ਹੈ। ਇਸ ਤਰ੍ਹਾਂ 'ਆਤਮ ਮਾਰਗ' ਵਿਚ ਪ੍ਰਾਪਤ ਸਾਰੀ ਸਮੱਗਰੀ ਸਾਡੇ ਰੂਹਾਨੀ

(ਬਾਕੀ ਪੰਨਾ 15 ਤੇ)

# Book of Wisdom
# ਵਿਵੇਕ ਬੋਧ

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

## ਜੀਵਨ ਗਿਆਨ

ਇਹ ਜੀਵਨ ਜਨਮ ਨਾਲ ਸ਼ੁਰੂ ਹੋ ਕੇ ਮੌਤ ਤਕ ਚਲਦਾ ਹੈ, ਜੀਵਨ ਇਨ੍ਹਾਂ ਦੋਨਾਂ ਦੇ ਵਿਚਕਾਰ ਹੀ ਖੜ੍ਹਾ ਹੈ। ਸਾਡਾ ਜੀਵਨ ਇਕ ਪੜਦੇ ਦੇ ਪਿਛੋਂ ਪ੍ਰਗਟ ਹੁੰਦਾ ਹੈ, ਥੋੜ੍ਹੀ ਦੇਰ ਲਈ ਵਿਸਤ੍ਰਿਤ ਰਹਿੰਦਾ ਹੈ ਫੇਰ ਇਸ ਦਾ ਅੰਤ ਹੋ ਜਾਂਦਾ ਹੈ। ਜਿਸ ਅਣਜਾਣੀ ਥਾਂ ਤੋਂ ਆਇਆ ਸੀ ਉਥੇ ਹੀ ਚਲਾ ਜਾਂਦਾ ਹੈ। ਇਹ ਜੀਵਨ ਇਕ ਪ੍ਰਕਾਰ ਦੀ ਪੁਸਤਕ ਹੈ ਜਿਸ ਦੇ ਆਦਿ ਤੇ ਅੰਤ ਦੇ ਪਤਰੇ ਗੁਆਚ ਗਏ ਹਨ। ਜਿਹੜਾ ਇਨ੍ਹਾਂ ਗੁਆਚੇ ਹੋਏ ਪਤਰਿਆਂ ਦੀ ਖੋਜ ਕਰਦਾ ਹੈ ਉਹ ਦਾਰਸ਼ਨਿਕ ਹੈ, ਫਿਲੌਸਫਰ ਹੈ ਅਤੇ ਉਨ੍ਹਾਂ ਪਤਰਿਆਂ ਦੀ ਖੋਜ ਦਰਸ਼ਨ ਸਾਸ਼ਤਰ ਹੈ, ਫਿਲੌਸਫੀ ਹੈ। ਜੀਵਨ ਕੇਵਲ ਉਹ ਹੀ ਨਹੀਂ ਹੈ ਜੋ ਅਸੀਂ ਦੇਖਦੇ ਹਾਂ ਜਾਂ ਜੋ ਅਸੀਂ ਇਸ ਬਾਰੇ ਜਾਣਦੇ ਹਾਂ। ਅਸੀਂ ਕੀ ਹਾਂ? ਅਸੀਂ ਕਿਥੋਂ ਆਏ ਹਾਂ? ਅਸੀਂ ਕਿਥੇ ਜਾਣਾ ਹੈ? ਇਹ ਉਹ ਸੁਆਲ ਹਨ ਜਿਨ੍ਹਾਂ ਦੇ ਜਵਾਬ ਲੱਭਣੇ ਬੜੇ ਹੀ ਅਵਸ਼ਕ ਹਨ।

ਪਦਾਰਥਵਾਦੀ ਜਿਹੜੇ ਇਸ ਜੀਵਨ ਨੂੰ, ਬੁੱਧੀ ਦੇ ਪੱਧਰ ਤੇ ਭੋਗਦੇ ਹਨ ਉਹ ਇਸ ਨੂੰ ਕੇਵਲ ਇਕ ਘਟਨਾ ਮੰਨਦੇ ਹਨ ਤੇ ਜੀਵਨ ਦਾ ਮਨੋਰਥ ਖਾ ਪੀ ਕੇ ਮੌਜ ਮੇਲਾ ਕਰਨਾ ਹੀ ਮੰਨਦੇ ਹਨ। ਜੇ ਅਸੀਂ ਇਸ ਜੀਵਨ ਨੂੰ ਇਕ ਘਟਨਾ ਵੀ ਮੰਨ ਲਈਏ, ਉਹ ਤਾਂ ਜਾਨਵਰਾਂ ਦੀ ਤਰ੍ਹਾਂ ਇੰਦ੍ਰੀਆਂ ਦਾ ਭੋਗ ਹੀ ਜੀਵਨ ਤੱਤ ਹੋਵੇਗਾ। ਅੱਜ ਦੇ ਸੰਸਾਰ ਵਿਚ ਮਨੁੱਖ ਆਪਣੀ ਹਰ ਲੋੜ, ਹਰ ਇੱਛਾ, ਹਰੇਕ ਗੱਲ ਦੀ ਪੂਰਤੀ ਲਈ ਕੁਝ ਵੀ ਕਰਨ ਨੂੰ ਤਿਆਰ ਹੈ। ਅੱਜ ਦੇ ਸਮੇਂ ਵਿਚ ਮੁਕਾਬਲੇ ਦੀ ਇਕ ਦੌੜ ਲੱਗੀ ਹੋਈ ਹੈ, ਇਕ ਮਨੁੱਖ ਦਾ ਦੂਸਰੇ ਨਾਲ ਮੁਕਾਬਲਾ, ਇਕ ਪਰਿਵਾਰ ਦਾ ਦੂਸਰੇ ਪਰਿਵਾਰ ਨਾਲ, ਇਕ ਸਮਾਜ ਦਾ ਦੂਸਰੇ ਸਮਾਜ ਨਾਲ, ਇਕ ਦੇਸ਼ ਦਾ ਦੂਸਰੇ ਦੇਸ਼ ਨਾਲ, ਪਦਾਰਥਵਾਦ ਵਿਚ ਅੱਗੇ ਲੰਘਣ ਦਾ ਮੁਕਾਬਲਾ ਲੱਗਾ ਹੋਇਆ ਹੈ; ਵੱਧ ਤੋਂ ਵੱਧ ਐਸ਼ ਕਰਨ ਦਾ, ਵੱਧ ਤੋਂ ਵੱਧ ਆਰਾਮ ਕਰਨ ਦਾ ਮੁਕਾਬਲਾ। ਪਦਾਰਥਾਂ ਦੀ ਪ੍ਰਾਪਤੀ ਹੋਣ ਤੋਂ ਉਪਰੰਤ, ਉਨ੍ਹਾਂ ਦੀ ਪ੍ਰਾਪਤੀ ਲਈ ਜੱਦੋ-ਜਹਿਦ ਕਰਨ ਦੇ ਉਪਰੰਤ ਮਨੁੱਖ ਬੇਚੈਨ ਹੈ, ਦੁਖੀ ਹੈ। ਉਹ ਖੁਸ਼ੀ ਪ੍ਰਾਪਤ ਕਰਨ ਲਈ ਵਿਲਕ ਰਿਹਾ ਹੈ। ਦੁਖਾਂ ਤੋਂ ਮੁਕਤੀ ਪਾਉਣ ਲਈ ਬੇਚੈਨ ਹੈ ਤੇ ਹਰ ਤਰ੍ਹਾਂ ਦੇ ਉਪਰਾਲੇ ਕਰਦਾ ਹੈ, ਜਦੋਂ ਤੋਂ ਸ੍ਰਿਸ਼ਟੀ ਬਣੀ ਹੈ ਉਦੋਂ ਤੋਂ ਹੀ ਉਪਰਾਲੇ ਕਰ ਰਿਹਾ ਹੈ।

ਵੱਖ-ਵੱਖ ਧਰਮਾਂ ਦੇ ਆਗੂਆਂ ਨੇ ਸ਼ਾਂਤੀ ਪ੍ਰਾਪਤ ਕਰਨ ਦੇ, ਸੁਖ ਪ੍ਰਾਪਤ ਕਰਨ ਦੇ ਵੱਖ-ਵੱਖ ਤਰੀਕੇ ਦੱਸੇ ਹਨ। ਇਹ ਸਮੇਂ ਸਮੇਂ ਸਿਰ ਵੱਖ-ਵੱਖ ਰੂਪ ਵਿਚ ਦੱਸੇ ਗਏ ਹਨ। ਆਪਣੇ ਆਪਣੇ ਥਾਂ ਸਾਰੇ ਹੀ ਤਰੀਕੇ ਠੀਕ ਹਨ। ਜਿਸ ਸਮੇਂ ਵਿਚ ਉਹ ਦਸ ਗਏ ਉਹ ਉਸ ਸਮੇਂ ਪੂਰੀ ਤਰ੍ਹਾਂ ਲਾਗੂ ਹੁੰਦੇ ਸਨ। ਵੱਡੇ-ਵੱਡੇ ਮਹਾਂਪੁਰਸ਼, ਪੀਰ, ਪੈਗੰਬਰ ਚਿੰਤਕ ਸਾਡੇ ਲਈ ਇਕ ਬੜੀ ਸੱਚੀ ਸੁਚੀ ਸੰਸਕ੍ਰਿਤੀ ਦੀ ਵਿਰਾਸਤ ਛੱਡ ਕੇ ਗਏ ਹਨ ਜਿਸ ਵਿਚ ਸਭਿਆਚਾਰ, ਫਿਲੌਸਫੀ, ਨੈਤਿਕਤਾ ਤੇ ਅਨੇਕਾਂ ਗ੍ਰੰਥ ਹਨ, ਇਹ ਸਾਰੇ ਹੀ ਦ੍ਰਿੜ੍ਹ ਨਿਸ਼ਠਾ ਦੇ ਕਾਬਲ ਹਨ, ਇਸ ਵਿਚ ਬਿਲਕੁਲ ਵੀ ਕੋਈ ਸੰਦੇਹ ਨਹੀਂ।

ਅਸੀਂ ਬੇਅਰਥ ਵਾਦ ਵਿਵਾਦ ਵਿਚ ਨਾ ਪਈਏ, ਸਾਡਾ ਪਿਛੋਕੜ ਕੀ ਸੀ? ਸਾਡੇ ਸਾਮ੍ਹਣੇ ਸਮੱਸਿਆ ਸਾਡੇ ਵੱਡੇ ਵਡੇਰਿਆਂ ਦੀ ਨਹੀਂ, ਅੱਜ ਸਾਡੇ ਸਾਮ੍ਹਣੇ ਸਮੱਸਿਆ ਹੈ ਅੱਜ ਦੇ ਲੋਕਾਂ ਦੀ, ਅੱਜ ਦੇ ਸਮੇਂ ਦੀ। ਅਸੀਂ ਦੁਖੀ ਕਿਉਂ ਹਾਂ? ਅਸੀਂ ਅਸ਼ਾਂਤ ਕਿਉਂ ਹਾਂ? ਕੀ ਅਸੀਂ ਸਮਾਜ ਅੱਗੇ ਕੋਈ ਮੂਲ ਗੁਣ ਰੱਖੇ ਹਨ? ਕੀ ਸਾਡੇ ਕੋਲ ਮੂਲ ਰੂਪ ਵਿਚ ਆਪਣਾ ਕੁਝ ਹੈ ਜਿਸ ਨੂੰ ਅਸੀਂ ਆਪਣਾ ਕਹਿ ਸਕੀਏ? ਸੰਸਾਰ ਨੂੰ ਸਾਡੀ ਕੀ ਦੇਣ ਹੈ? ਅਸੀਂ ਕਿਹੜੀ ਨਵੀਂ ਫਿਲੌਸਫੀ ਸੰਸਾਰ ਨੂੰ ਦਿਤੀ ਹੈ? ਸਾਡੇ ਆਪਣੇ ਜੀਵਨ ਦੀ ਕੀ ਫਿਲੌਸਫੀ ਹੈ? ਕੋਈ ਹੈ ਜਿਹੜਾ ਇਨ੍ਹਾਂ ਪ੍ਰਸ਼ਨਾਂ ਦੇ ਉਤਰ ਦੇ ਸਕਦਾ ਹੈ? ਇਨ੍ਹਾਂ ਪ੍ਰਸ਼ਨਾਂ ਤੋਂ ਬਿਨਾਂ ਅਜੇ ਕਿੰਨੀਆਂ ਹੀ ਨਵੀਆਂ ਸਮੱਸਿਆਵਾਂ ਹਨ। ਅੱਜ ਦੇ ਮਨੁੱਖ ਤੇ ਪੁਰਾਣੇ ਸਮੇਂ ਦੇ ਮਨੁੱਖ ਵਿਚ ਬਹੁਤ ਅੰਤਰ ਹੈ, ਅੱਜ ਦੇ ਸਮੇਂ ਵਿਚ ਤੇ ਪਿਛਲੇ ਸਮੇਂ ਵਿਚ ਬਹੁਤ ਅੰਤਰ ਹੈ, ਅੱਜ ਦੇ ਸਮਾਜ ਦਾ ਢਾਂਚਾ ਪਿਛਲੇ ਸਮਾਜ ਨਾਲੋਂ ਬਿਲਕੁਲ ਵਖਰਾ ਹੈ। ਮਨੁੱਖ ਦੀਆਂ ਸਮੱਸਿਆਵਾਂ ਬਿਲਕੁਲ ਬਦਲ ਗਈਆਂ ਹਨ, ਵਧੇਰੇ ਗੁੰਝਲਦਾਰ ਹੋ ਗਈਆਂ ਹਨ। ਪਿਛਲੇ ਸਮਿਆਂ ਵਿਚ ਇਸ ਤਰ੍ਹਾਂ ਨਹੀਂ ਸੀ।

ਮਨੁੱਖ ਦੀ ਸਭਿਅਤਾ ਇਸ ਗੱਲ ਦੀ ਗਵਾਹ ਹੈ ਕਿ ਮਨੁੱਖ ਕਿਵੇਂ ਪੁਰਾਤਨ ਸਮੇਂ ਤੋਂ ਹੁਣ ਤਕ ਵਿਸਤ੍ਰਿਤ ਹੋਇਆ ਹੈ। ਪ੍ਰਸ਼ਨ ਤਾਂ ਇਹ ਉਠਦਾ ਹੈ ਕਿ ਉਸ ਨੇ ਆਪਣੇ ਆਪ ਲਈ ਕੀ ਕੀਤਾ ਹੈ, ਆਪਣਾ ਨਿੱਜੀ ਸੁਧਾਰ ਕਿੰਨਾ ਕੀਤਾ ਹੈ? ਆਸ ਹੁੰਦਿਆਂ ਹੋਇਆਂ ਵੀ ਕਿਸੇ ਸਮੇਂ ਬਹੁਤ ਹੀ ਨਿਰਾਸ਼ ਹੋ ਜਾਂਦਾ ਹੈ। ਅੱਜ ਵੀ ਮੌਤ ਦਾ ਭੈ, ਬਿਮਾਰੀ ਦਾ ਭੈ ਓਨਾਂ ਹੀ ਮਨੁੱਖ ਨੂੰ ਨਿਤਾਣਾ ਕਰਦਾ ਹੈ, ਉਦਾਸ ਕਰਦਾ ਹੈ ਜਿੰਨਾਂ ਕਿ ਅੱਜ ਤੋਂ ਪਹਿਲਾਂ ਪੁਰਾਣੇ ਸਮਿਆਂ ਵਿਚ ਕਰਦਾ ਸੀ। ਮਨੁੱਖ ਨੂੰ ਅਜੇ ਜੀਵਨ ਦੇ ਪ੍ਰਸ਼ਨਾਂ ਦੇ ਸਥਾਈ ਉਤਰ ਨਹੀਂ ਮਿਲੇ, ਅਜੇ ਮਨੁੱਖ ਆਪਣੇ ਸੰਪੂਰਣ ਵਿਸਤਾਰ ਦੇ ਸਿਖਰ ਤੇ ਨਹੀਂ ਪਹੁੰਚ ਸਕਿਆ ਉਹ ਆਪਣੇ ਆਪ ਵਿਚ ਪੂਰਨਤਾ ਪ੍ਰਾਪਤ ਨਹੀਂ ਕਰ ਸਕਿਆ।

ਚੰਗੀ ਤਰ੍ਹਾਂ ਦੇਖਣ ਤੇ ਪਤਾ ਲਗਦਾ ਹੈ ਕਿ ਮਨੁੱਖ ਦੀਆਂ ਤਿੰਨ ਪ੍ਰਮੁੱਖ ਪ੍ਰਵ੍ਰਿਤੀਆਂ ਹਨ, ਇਕ ਪਾਸੇ ਮਨੁੱਖ ਦੇ ਅੰਦਰ ਰਾਕਸ਼ਸ਼ੀ ਪ੍ਰਵਿਰਤੀਆਂ ਹਨ, ਦੂਸਰੇ ਪਾਸੇ ਚੰਗੀਆਂ ਪ੍ਰਮਾਤਮਾ ਪ੍ਰਤੀ ਪਿਆਰ ਵੀ ਹੈ। ਇਹ ਵੀ ਸੱਚ ਹੈ ਕਿ ਹਰੇਕ ਮਨੁੱਖ ਵਿਚ ਸੰਪਰਦਾ ਤੇ ਵਿਰੋਧੀ ਤੱਤ ਹਨ; ਹਿੰਸਾ ਹੈ, ਲੋਭ ਹੈ, ਗੁੱਸਾ ਹੈ, ਲਾਲਚ ਹੈ, ਨਾਲ ਹੀ ਨਿਮਰਤਾ, ਕੋਮਲਤਾ, ਹਮਦਰਦੀ, ਪਿਆਰ ਤੇ ਉਦਾਰਤਾ ਵੀ ਹੈ। ਦੂਸਰੇ ਪਾਸੇ ਅਸੀਂ ਚੰਗੀਆਂ ਆਦਤਾਂ, ਬਖਸ਼ੇ ਹੋਏ ਚੰਗੇ ਗੁਣ ਵੀ ਦੇਖਦੇ ਹਾਂ, ਗਿਆਨ ਲਈ ਖਿੱਚ, ਸ਼ਾਂਤੀ ਲਈ ਖੋਜ, ਪ੍ਰਮਾਤਮਾ ਦੀ

ਬਖਸ਼ਿਸ਼ ਪ੍ਰਾਪਤ ਕਰਨੀ। ਪ੍ਰਸ਼ਨ ਤਾਂ ਇਹ ਉਠਦਾ ਹੈ ਕੀ ਮਨੁੱਖ ਆਪਣੇ ਅੰਦਰ ਦੇ ਵਿਰੋਧੀ ਤੱਤਾਂ ਦਾ ਜ਼ਿੰਮੇਵਾਰ ਆਪ ਹੈ? ਕੀ ਉਹ ਆਪਣੀ ਪ੍ਰਾਲਬਧ ਆਪ ਬਣਾਉਂਦਾ ਹੈ ਜਾਂ ਫੇਰ ਕੋਈ ਹੋਰ ਉਸ ਦੀ ਪ੍ਰਾਲਬਧ ਬਣਾਉਣ ਵਾਲਾ ਹੈ? ਇਹ ਜੀਵਨ ਕੀ ਹੈ – ਵਿਰੋਧੀ ਤੱਤਾਂ ਦਾ ਭਰਿਆ ਹੋਇਆ, ਚਾਰੋਂ ਪਾਸਿਓਂ ਖਿਚਿਆ ਪਿਆ ਹੈ। ਹਰੇਕ ਮਨੁੱਖ ਦਾ ਜੀਵਨ ਇਕ ਉਹ ਪ੍ਰਸ਼ਨ ਹੈ ਜਿਸ ਦਾ ਉਤਰ ਅਜੇ ਲੱਭਿਆ ਹੀ ਨਹੀਂ। ਉਤਰ ਲੱਭੇਗਾ ਕਿਥੋਂ? ਉਤਰ ਲੈਣ ਲਈ ਕਿਸ ਪ੍ਰਯੋਗਸ਼ਾਲਾ ਵਿਚ ਉਹ ਜਾਏ? ਕਿਸ ਪਾਸੋਂ ਇਹ ਪ੍ਰਸ਼ਨ ਪੁੱਛੇ ਜਾਣ?

ਭਾਰਤੀ ਚਿੰਤਕ, ਦਾਰਸ਼ਨਕ ਸੰਤ ਇਨ੍ਹਾਂ ਸਭ ਦਾ ਇਹ ਕਹਿਣਾ ਹੈ ਕਿ ਜੀਵਨ ਵਿਗਿਆਨ ਕਲਾ ਸਿਖਣ ਲਈ ਸਾਨੂੰ ਆਪਣੇ ਹੀ ਜੀਵਨ ਦੀ ਪ੍ਰਯੋਗਸ਼ਾਲਾ ਵਿਚ ਜਾਣਾ ਪਵੇਗਾ, ਤੁਹਾਡੀ ਪ੍ਰਯੋਗਸ਼ਾਲਾ ਤੁਹਾਡੇ ਆਪਣੇ ਅੰਦਰ ਹੀ ਦਬੀ ਪਈ ਹੈ। ਭਾਰਤ ਦੇ ਵਿਦਾਂਤ ਦੀ ਫਿਲੌਸਫੀ ਜੀਵਨ ਦੀ ਬੁਝਾਰਤ ਨੂੰ ਸੋਧਣ ਦੇ ਤਰੀਕੇ ਦਸਦੀ ਹੈ ਤੇ ਜੀਵਨ ਦੀ ਖੋਜ ਕਰਦੇ ਹੋਏ ਜੀਵਨ ਦੇ ਤੱਤ ਤਕ ਪਹੁੰਚਣ ਬਾਰੇ ਦਸਦੀ ਹੈ। ਬੜੇ ਹੀ ਅਚੰਭੇ ਦੀ ਗੱਲ ਲਗਦੀ ਹੈ ਕਿ ਮਨੁੱਖ ਆਪਣੀ ਹੀ ਭਾਲ ਲਈ ਇਧਰ ਉਧਰ ਧੱਕੇ ਖਾਂਦਾ ਫਿਰੇ। ਅਸੀਂ ਆਪਣੇ ਬਜ਼ੁਰਗਾਂ ਅਤੇ ਵਡੇਰਿਆਂ ਦੀਆਂ ਖੋਜਾਂ ਭੁੱਲ ਗਏ ਹਾਂ, ਅਸੀਂ ਭੁੱਲ ਗਏ ਹਾਂ ਕਿ ਉਨ੍ਹਾਂ ਨੇ ਜੀਵਨ ਤੱਤ ਕਿਵੇਂ ਖੋਜਿਆ, ਅਸੀਂ ਉਥੇ ਪਹੁੰਚ ਗਏ ਹਾਂ ਜਿਥੇ ਨਾ ਤਾਂ ਸਥਾਈ ਖੁਸ਼ੀ ਹੈ, ਨਾ ਸ਼ਾਂਤੀ ਹੈ, ਨਾ ਹੀ ਅਨੰਦ ਹੈ। ਇਸ ਅਵਸਥਾ ਦਾ ਕੋਈ ਦਾਰੂ ਹੈ? ਸਾਨੂੰ ਆਪਣੇ ਗ੍ਰੰਥਾਂ ਤੋਂ ਚਾਨਣ ਮਿਲਦਾ ਹੈ। ਵਿਸ਼ੇਸ਼ ਤੌਰ ਤੇ ਉਪਨਿਸ਼ਦਾਂ ਦੇ ਵਿਗਿਆਨ ਤੋਂ। ਵੇਦਾਂਤ ਦਾ ਗਿਆਨ ਤਾਂ ਸਦੀਵੀ ਹੈ, ਇਹ ਤਾਂ ਅਨੰਦ ਦਾ ਸੋਮਾ ਹੈ। ਸਾਡੀਆਂ ਸਾਰੀਆਂ ਸਮੱਸਿਆਵਾਂ ਦਾ ਸਮਾਧਾਨ ਉਪਨਿਸ਼ਦਾਂ ਦੇ ਗਿਆਨ ਵਿਚ ਦਬਿਆ ਪਿਆ ਹੈ। ਭਾਵ ਹੈ ਅਸੀਂ ਅਧੂਰੇ ਹੁੰਦੇ ਹੋਏ, ਜੀਵਨ ਵਿਚ ਅਨੇਕ ਤਰੁੱਟੀਆਂ ਹੁੰਦਿਆਂ ਹੋਇਆਂ ਅਸੀਂ ਚੇਤਨਤਾ ਪੱਖੋਂ ਉਚੇਰੇ ਉਠ ਸਕਦੇ ਹਾਂ, ਆਪਣੇ ਆਪ ਨੂੰ ਉਚਾ ਚੁੱਕ ਸਕਦੇ ਹਾਂ ਤੇ ਆਪਣੇ ਆਪ ਨੂੰ ਵਿਕਸਿਤ ਕਰ ਸਕਦੇ ਹਾਂ। ਮਨੁੱਖ ਦਾ ਜੀਵਨ ਸਭ ਤੋਂ ਉਚਾ ਮੰਨਿਆ ਜਾਂਦਾ ਹੈ, ਸਭ ਤੋਂ ਉਤਮ ਮੰਨਿਆ ਜਾਂਦਾ ਹੈ। ਮਨੁੱਖ ਬਨਸਪਤੀ ਤੋਂ, ਧਾਤਾਂ ਤੋਂ, ਪਸ਼ੂ ਪੰਛੀਆਂ ਤੋਂ ਉਪਰ ਹੈ ਕਿਉਂਕਿ ਮਨੁੱਖ ਵਿਚ ਵਿਵੇਕ ਹੈ, ਵਿਵੇਕ ਤੋਂ ਭਾਵ ਹੈ ਇੰਦ੍ਰੀਆਂ ਤੋਂ ਪਰ੍ਹੇ ਦੇਖ ਸਕਣਾ, ਅਨੁਭਵ ਕਰ ਸਕਣਾ। ਇਹੋ ਜਿਹੇ ਮਨੁੱਖ ਕਈ ਕ੍ਰਿਆਵਾਂ ਦੇ ਨਤੀਜੇ ਦੇਖ ਸਕਦੇ ਹਨ; ਕਈ ਵਿਚਾਰਾਂ ਨੂੰ, ਇਛਾਵਾਂ ਨੂੰ ਜਾਣ ਸਕਦੇ ਹਨ ਤੇ ਸਭ ਤੋਂ ਉਤਮ ਵਿਚਾਰ ਨੂੰ ਚੁਣ ਸਕਦੇ ਹਨ। ਇਹ ਵਿਵੇਕ ਹੀ ਮਨੁੱਖ ਨੂੰ ਪਰਸਾਰ ਦੀਆਂ ਉਚੀਆਂ ਪੌੜੀਆਂ ਤੇ ਲੈ ਜਾਂਦਾ ਹੈ।

ਕਈ ਮਨੁੱਖ ਜੂਨੀ ਵਿਚ ਆ ਕੇ ਵੀ ਪਸ਼ੂਆਂ ਵਾਲਾ ਜੀਵਨ ਬਤੀਤ ਕਰਦੇ ਹਨ, ਉਹ ਪਾਮਰ ਕਹਾਉਂਦੇ ਹਨ, ਕਈ ਅਲਾਹੀ ਜੀਵਨ ਜੀਉਂਦੇ ਹਨ, ਬਾਕੀ ਦੇ ਲੋਕ ਦਰਮਿਆਨੇ ਹੁੰਦੇ ਹਨ। ਮਨੁੱਖ ਜੀਵਨ ਦਾ ਪ੍ਰਵਾਹ ਸਦਾ ਹੀ ਅਨੰਤ ਦੀ ਪਕੜ ਦੀ ਚੇਸ਼ਟਾ ਲਈ ਹੀ ਰਿਹਾ। ਸਾਰੇ ਸੰਸਾਰ ਵਿਚ ਅਤੇ ਸਾਰੇ ਜੀਵਨ ਵਿਚ ਅਸੀਂ ਗਤੀ ਤੇ ਝਰਨਾਹਟ ਹੀ ਮਹਿਸੂਸ ਕੀਤੀ, ਉਸ ਦਾ ਅਨੁਭਵ ਕੀਤਾ। ਇਸ ਤਰ੍ਹਾਂ ਲਗਦਾ ਰਿਹਾ ਜਿਵੇਂ ਚੇਤਨਤਾ ਦੀ ਨਦੀ ਵਗ ਰਹੀ ਹੈ ਤੇ ਵਗੀ ਜਾ ਰਹੀ ਹੈ ਤੇ ਆਪਣੇ ਨਾਲ ਸਾਰਾ ਕੁਝ ਲਈ ਜਾ ਰਹੀ ਹੈ, ਸਭ ਕੁਝ ਜੋ ਖਤਮ ਹੋ ਗਿਆ। ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਜਿਵੇਂ ਕੋਈ ਸ਼ਕਤੀ ਹੈ, ਕੁਝ ਹੈ ਜਿਹੜਾ ਸਰਵਵਿਆਪਕ ਹੈ, ਹਰੇਕ ਜਗ੍ਹਾ ਹੈ ਪਰ ਉਹ ਹੈ ਛੁਪਿਆ ਹੋਇਆ, ਉਸ ਬਾਰੇ ਪਤਾ ਨਹੀਂ। ਕਿਸੇ ਨੇ ਸੱਚ ਹੀ ਕਿਹਾ ਹੈ ਕਿ ਮਨੁੱਖ ਦੀ ਜ਼ਿੰਦਗੀ ਦਾ ਇਹ ਗੁਝਾ ਭਾਵ ਜਿਸ ਨੂੰ ਚਿੰਤਨਸ਼ੀਲ ਮਨੁੱਖ ਜ਼ਰੂਰ ਲੱਭਣ ਦੀ ਕੋਸ਼ਿਸ਼ ਕਰਦਾ ਹੈ ਉਹ ਜਨਮ ਲੈਣਾ ਅਤੇ ਮਰਨਾ, ਇਹ ਬੁਝਾਰਤਾਂ ਹੀ ਬਣੀਆਂ ਹੋਈਆਂ ਹਨ, ਇਨ੍ਹਾਂ ਗੁਝੇ ਭੇਦਾਂ ਬਾਰੇ ਕਿਸੇ ਵਿਰਲੇ ਨੂੰ ਹੀ ਪਤਾ ਹੈ, ਬਹੁਤ ਹੀ ਵਿਰਲੇ ਮਹਾਂਪੁਰਖ ਹੋਣਗੇ ਜਿਨ੍ਹਾਂ ਨੂੰ ਇਨ੍ਹਾਂ ਗੁੱਝੇ ਭੇਤਾਂ ਦਾ ਪਤਾ ਹੈ, ਜਿਹੜੇ ਜਨਮ ਤੇ ਜੀਵਨ ਦੇ ਰਹੱਸ ਨੂੰ ਜਾਣਦੇ ਹਨ। ਕੋਈ ਵੀ ਚਿੰਤਨਸ਼ੀਲ ਮਨੁੱਖ ਇਨ੍ਹਾਂ ਬਾਰੇ ਸੋਚੇ ਬਿਨਾਂ ਨਹੀਂ ਰਹਿ ਸਕਦਾ। ਜਦੋਂ ਤਕ ਮਨੁੱਖ ਨੂੰ ਗਿਆਨ ਦੀ ਚੇਸ਼ਟਾ ਲੱਗੀ ਰਹੇਗੀ, ਗਿਆਨ ਦੀ ਪੂਰਤੀ ਨਹੀਂ ਹੁੰਦੀ ਜਦੋਂ ਤਕ ਮਨੁੱਖ ਨੂੰ ਆਪਣੇ ਪ੍ਰਸਨਾਂ ਦੇ ਉਤਰ ਨਹੀਂ ਮਿਲਦੇ ਉਹ ਜਨਮ, ਮਰਨ ਤੇ ਜੀਵਨ ਪ੍ਰਤੀ ਸੋਚਦਾ ਹੀ ਰਹੇਗਾ, ਉਹ ਇਸ ਸੱਚ ਤੋਂ ਆਪਣੀਆਂ ਅੱਖਾਂ ਨਹੀਂ ਬੰਦ ਕਰ ਸਕੇਗਾ।

## ਮਨੁੱਖ ਕਿਵੇਂ ਜਨਮਿਆ

ਸੰਸਕ੍ਰਿਤ ਵਿਚ ਜਨਮ ਸ਼ਬਦ ਦਾ, ਹਰ ਅੱਖਰ ਜਨਮ ਬਾਰੇ ਸੰਕੇਤ ਦਿੰਦਾ ਹੈ ਬਾਕੀ ਭਾਸ਼ਾਵਾਂ ਵਿਚ ਇਸ ਤਰ੍ਹਾਂ ਨਹੀਂ ਹੈ। ਮਿਸਾਲ ਵਜੋਂ ਤੁਸੀਂ ਅੰਗਰੇਜ਼ੀ ਦਾ ਅੱਖਰ birth ਲੈ ਲਓ, ਇਸ ਸ਼ਬਦ ਤੋਂ ਇਸ ਦਾ ਮਤਲਬ ਕਿ ਇਹ ਕਿਥੋਂ ਆਇਆ, ਸਪਸ਼ਟ ਨਹੀਂ ਹੁੰਦਾ। ਆਮ ਤੌਰ ਲੋਕੀ ਇਸ ਨੂੰ ਸਮਝਣ ਦੀ ਭੁੱਲ ਕਰਦੇ ਹਨ, ਉਹ ਤਿੰਨ ਅੱਖਰਾਂ ਦੀ ਵਿਆਖਿਆ ਕਰਦੇ ਹਨ। ਮੈਂ ਤੁਹਾਨੂੰ ਇਸ ਸ਼ਬਦ ਦੇ ਅਰਥ ਦਸਣ ਦੀ ਕੋਸ਼ਿਸ਼ ਕਰਦਾ ਹਾਂ। ਇਸਦੇ ਕੀ ਅਰਥ ਹਨ, ਇਹ ਤਿੰਨ ਸ਼ਬਦ ਜਿਨ੍ਹਾਂ ਦੀ ਮੈਂ ਵਿਆਖਿਆ ਕਰਾਂਗਾ ਇਹ ਸ਼ਬਦ ਹਨ, ਜਨਮ (birth) ਉਤਪਤੀ (Appearance) ਅਤੇ ਸ੍ਰਿਸ਼ਟੀ (creation) ਇਹ ਤਿੰਨ ਸ਼ਬਦ ਜੀਵਨ ਦੀ ਵਿਆਖਿਆ ਦਸਦੇ ਹਨ।

ਅਸੀਂ ਜਨਮ ਤੋਂ ਸ਼ੁਰੂ ਕਰਦੇ ਹਾਂ ਜੋ ਕਿ ਸੰਸਕ੍ਰਿਤ ਦਾ ਸ਼ਬਦ ਹੈ। ਇਹ ਸ਼ਬਦ 'ਜਾਨ' ਤੋਂ ਬਣਿਆ ਹੈ ਜਿਸ ਤੋਂ ਭਾਵ ਹੈ ਅੱਗੇ ਆਉਣਾ, ਪ੍ਰਗਟ ਹੋਣਾ ਭਾਵ ਜੋ ਕੁਝ ਛੁਪਿਆ ਹੋਇਆ ਸੀ ਉਹ ਪ੍ਰਤੱਖ ਹੋਣਾ। ਦੂਸਰਾ ਹੈ ਉਤਪਤੀ – ਇਹ ਸ਼ਬਦ ਪਦ ਤੋਂ ਲਿਆ ਗਿਆ ਹੈ ਜਿਸ ਦਾ ਅਰਥ ਹੈ ਉਪਰ ਉਠਣਾ ਤੇ ਸਾਮ੍ਹਣੇ ਆਉਣਾ ਭਾਵ ਕੋਈ ਚੀਜ਼ ਪੜਦੇ ਦੇ ਪਿਛੇ ਸੀ ਪੜਦਾ ਹਟ ਗਿਆ ਤੇ ਉਹ ਸਾਮ੍ਹਣੇ ਆ ਗਈ ਤੇ ਹੁਣ ਇਹ ਸਾਡੇ ਸਾਮ੍ਹਣੇ ਪ੍ਰਤੱਖ ਹੈ ਅਸੀਂ ਦੇਖ ਸਕਦੇ ਹਾਂ। ਤੀਸਰਾ ਸੰਸਕ੍ਰਿਤ ਦਾ ਸ਼ਬਦ ਹੈ – ਸ੍ਰਿਸ਼ਟੀ; ਇਸ ਸ਼ਬਦ ਦੀ ਨਿਰੁਕਤ ਇਹ ਹੈ ਕਿ ਸਹਿਜ ਭਾਵ ਨਾਲ ਕੁਝ ਵੀ, ਜੋ ਅੰਦਰ ਢਕਿਆ ਹੋਇਆ ਸੀ ਹੁਣ ਉਹ ਬਾਹਰ ਪ੍ਰਗਟ ਹੋ ਕੇ ਪ੍ਰਤੱਖ ਹੋ ਗਿਆ ਹੈ। ਸਾਡਾ ਜਨਮ ਕੋਈ ਘਟਨਾ ਨਹੀਂ, ਅਸੀਂ ਅਣਦਿਸਦੇ ਤੋਂ, ਅਣਜਾਣੇ ਤੋਂ ਦਿਸਦੇ ਵਿਚ, ਜਾਣੇ ਜਾਣ ਵਾਲੀ ਹਾਲਤ ਵਿਚ ਆਉਂਦੇ ਹਾਂ, ਸੂਖਮ ਤੋਂ ਸਥੂਲ ਵਿਚ ਆਉਂਦੇ ਹਾਂ, ਇਸ ਤੋਂ ਭਾਵ ਹੈ ਕਿ ਅਸੀਂ ਜਨਮ ਤੋਂ ਪਹਿਲਾਂ ਵੀ ਸੀ ਤੇ ਮਰਨ ਤੋਂ ਬਾਅਦ ਵੀ ਰਹਾਂਗੇ। ਸਾਡਾ ਜਨਮ ਇਕ ਹਾਦਸਾ ਨਹੀਂ ਹੈ, ਇਕ ਦੁਰਘਟਨਾ ਨਹੀਂ ਹੈ ਅਸੀਂ ਸੂਖਮ ਤੋਂ ਪ੍ਰਤੱਖ ਵਿਚ ਆਉਂਦੇ ਹਾਂ, ਸਮੁੱਚੇ ਵਿਚ ਆਉਂਦੇ ਹਾਂ ਬਿਲਕੁਲ ਉਸ ਤਰ੍ਹਾਂ ਹੀ ਜਿਸ ਤਰ੍ਹਾਂ ਕੋਈ ਲੁੱਕੀ ਹੋਈ ਚੀਜ਼ ਪ੍ਰਗਟ ਹੁੰਦੀ

ਹੈ, ਪੜਦੇ ਦੇ ਪਿਛੇ ਲੁਕੀ ਹੋਈ ਚੀਜ਼ ਪੜਦੇ ਦੇ ਅੱਗੇ ਆ ਜਾਂਦੀ ਹੈ ਜਾਂ ਜਿਸ ਤਰ੍ਹਾਂ ਬੀਜ ਤੋਂ ਇਕ ਵੱਡਾ ਸਾਮਵ੍ਰਿਕਸ਼ ਬਣ ਜਾਂਦਾ ਹੈ, ਜੋ ਕੁਝ ਵੀ ਅਸੀਂ ਪਿਛੋਂ ਲੈ ਕੇ ਆਉਂਦੇ ਹਾਂ ਉਸ ਨੂੰ ਕਰਮ ਕਿਹਾ ਜਾਂਦਾ ਹੈ, ਭਾਵ ਸਾਡੇ ਆਪਣੇ ਇਕੱਠੇ ਕੀਤੇ ਕਰਮ, ਕੀਤੇ ਕੰਮ ਅਰਧ ਚੇਤਨ ਵਿਚ ਨਿਸ਼ਾਨਾਂ ਦੀ ਤਰ੍ਹਾਂ ਹੁੰਦੇ ਹਨ ਤੇ ਸਾਨੂੰ ਕਿਸੇ ਖਾਸ ਪਾਸੇ, ਕਿਸੇ ਇਕ ਦਿਸ਼ਾ ਵਲ ਪ੍ਰੇਰਦੇ ਰਹਿੰਦੇ ਹਨ। ਅਸੀਂ ਕਰਮ ਕਰਦੇ ਹਾਂ, ਅਸੀਂ ਆਪਣੇ ਆਪ ਦੇ ਆਪ ਮਾਲਕ ਹਾਂ, ਅਸੀਂ ਆਪਣੀ ਤਕਦੀਰ ਬਣਾਉਣ ਵਾਲੇ ਹਾਂ। ਜਿਹੜੇ ਕਰਮਾਂ ਦੇ ਨਿਯਮ ਨੂੰ ਸਮਝਦੇ ਹਨ ਉਹ ਜਾਣਦੇ ਹਨ, ਅਸੀਂ ਆਪ ਹੀ ਆਪਣੇ ਜੀਵਨ ਦੇ, ਮੌਤ ਤੇ ਮੁਕਤੀ ਲਈ ਜ਼ਿੰਮੇਵਾਰ ਹਾਂ। ਗੱਲ ਰਹਿ ਜਾਂਦੀ ਹੈ ਇਸ ਪ੍ਰਸ਼ਨ ਦੀ, ਅਸੀਂ ਜੋ ਹਾਂ ਉਹ ਕਿਉਂ ਹਾਂ? ਇਸ ਦਾ ਉਤਰ ਹੈ, ਅਸੀਂ ਉਹ ਹੀ ਹਾਂ ਜੋ ਅਸੀਂ ਆਪਣੇ ਆਪ ਨੂੰ ਬਣਾਇਆ ਹੈ, ਅਸੀਂ ਆਪਣੇ ਭੂਤ ਕਾਲ ਦੇ, ਆਪਣੇ ਪਿਛੋਕੜ ਦਾ ਹੀ ਫਲਸਰੂਪ ਹਾਂ, ਕੇਵਲ ਇਹ ਹੀ ਹੋਇਆ ਹੈ ਜੋ ਅਸੀਂ ਸੂਖਮ ਤੋਂ ਪ੍ਰਤੱਖ ਵਿਚ ਆ ਗਏ ਹਾਂ ਅਸੀਂ ਅਣਜਾਣੇ ਤੋਂ ਜਾਣਨ ਯੋਗ ਰੂਪ ਵਿਚ ਆ ਗਏ ਹਾਂ।

ਅਸੀਂ ਕੋਈ ਨਵੇਂ ਨਹੀਂ ਹਾਂ, ਕਿਸੇ ਨੇ ਸਾਨੂੰ ਬਣਾਇਆ ਨਹੀਂ ਹੈ, ਇਸ ਵਿਚ ਸੰਦੇਹ ਨਹੀਂ ਕਿ ਸਾਡੇ ਮਾਤਾ ਪਿਤਾ ਨੇ ਸਾਨੂੰ ਇਸ ਸੰਸਾਰ ਵਿਚ ਲਿਆਂਦਾ ਹੈ ਪਰ ਉਹ ਤਾਂ ਇਕ ਕਾਰਣ ਹੀ ਹਨ, ਉਹ ਤਾਂ ਜੀਵਨ ਬੀਜ ਦੇ ਧ੍ਰੋਹਰ ਸਨ। ਜੀਵਨ ਦਾ ਭੂਤ ਕਾਲ, ਵਰਤਮਾਨ ਤੇ ਭਵਿੱਖ ਇਕ ਤਰਕਸ਼ ਦੀ ਤਰ੍ਹਾਂ ਹਨ ਜਿਸ ਵਿਚ ਕੁਝ ਤੀਰ ਹਨ। ਜਿਹੜੇ ਤੀਰ ਚਲ ਚੁੱਕੇ ਹਨ ਉਹ ਪ੍ਰਾਲਬਧ ਹਨ (ਪ੍ਰਾਲਬਧ ਕਰਮ) ਇਨ੍ਹਾਂ ਤੀਰਾਂ ਨੂੰ ਵਾਪਸ ਨਹੀਂ ਮੋੜਿਆ ਜਾ ਸਕਦਾ। ਜਿਹੜੇ ਤੀਰ ਹਾਲੇ ਤਰਕਸ਼ ਵਿਚ ਪਏ ਹਨ, ਉਹ ਹਨ ਇਕੱਠੇ ਕੀਤੇ ਕਰਮ (ਸੰਚਿਤ ਕਰਮ) ਜਿਹੜੇ ਕਰਮ ਹਾਰੇ ਹਨ, ਇਹ ਉਹ ਤੀਰ ਹਨ ਜਿਹੜੇ ਤਰਕਸ਼ ਵਿਚ ਪਏ ਹਨ ਤੇ ਅਸੀਂ ਚਲਾਉਣੇ ਹਨ, ਸੰਪੂਰਨਤਾ ਪ੍ਰਾਪਤ ਕਰਨ ਲੱਗੇ ਹੋਏ ਹਾਂ ਪਰ ਸਾਡੀਆਂ ਸਾਰੀਆਂ ਕੋਸ਼ਿਸ਼ਾਂ ਬੇਅਰਥ ਰਹਿ ਜਾਂਦੀਆਂ ਹਨ। ਜਿੰਨੀ ਦੇਰ ਤਕ ਅਸੀਂ ਸੰਪੂਰਨਤਾ ਪ੍ਰਾਪਤ ਨਹੀਂ ਕਰਦੇ ਭਾਵ ਆਤਮਾ ਦਾ ਮੇਲ ਪ੍ਰਮਾਤਮਾ ਨਾਲ ਨਹੀਂ ਹੁੰਦਾ, ਅਸੀਂ ਜਨਮ ਮਰਨ ਦੇ ਚੱਕਰ ਵਿਚ ਫਸੇ ਹੀ ਰਹਾਂਗੇ, ਇਹ ਚੌਰਾਸੀ ਦਾ ਗੇੜ ਚਲਦਾ ਹੀ ਰਹੇਗਾ। ਕੋਈ ਭਾਗਾਂ ਵਾਲੇ ਆਪਣੇ ਨਿਸ਼ਚਿਤ ਸਥਾਨ ਤੇ ਪਹੁੰਚ ਗਏ ਹਨ, ਉਨ੍ਹਾਂ ਨੂੰ ਮੰਤਵ ਦੀ ਪ੍ਰਾਪਤੀ ਹੋ ਗਈ ਹੈ ਪਰ ਬਹੁਤ ਸਾਰੀ ਮਨੁੱਖਤਾ ਤਾਂ ਚੌਰਾਸੀ ਦੇ ਗੇੜ ਵਿਚ ਫਸੀ ਪਈ ਹੈ। ਸੰਸਾਰ ਦੇ ਸਾਰੇ ਮਜ਼ਹਬਾਂ ਦਾ ਤੱਤ ਸਿਖਿਆ ਦਾ ਭਾਗ ਬਣਾਉਣਾ ਚਾਹੀਦਾ ਹੈ ਜਿਹੜਾ ਆਮ ਮਨੁੱਖ ਨੂੰ ਪ੍ਰਾਪਤ ਹੋ ਸਕੇ। ਉਪਨਿਸ਼ਦਾਂ ਦਾ ਤਰਤੀਬਵਾਰ ਗਿਆਨ ਆਮ ਮਨੁੱਖ ਨੂੰ ਉਪਲਬਧ ਹੋਣਾ ਚਾਹੀਦਾ ਹੈ। ਉਪਨਿਸ਼ਦ ਸਾਨੂੰ ਸੰਪੂਰਨਤਾ ਦਾ ਗਿਆਨ ਦਿੰਦੇ ਹਨ। ਇਹ ਹੀ ਨਹੀਂ ਉਹ ਸਾਨੂੰ ਬਹੁਤ ਸੋਹਣੀ ਵਿਦਵਤਾ ਭਰੀ ਵਿਆਖਿਆ ਦਿੰਦੇ ਹਨ ਜਿਸ ਵਿਚ ਜੀਵਨ ਮਰਨ ਦਾ ਰਹੱਸ ਦਸਿਆ ਗਿਆ ਹੈ।

ਮਨੁੱਖੀ ਜੀਵਨ ਦੀ ਸਭ ਤੋਂ ਵੱਡੀ ਸਮਸਿਆ ਦੁਖਾਂ ਤੋਂ ਛੁਟਕਾਰਾ ਪਾਉਣਾ ਹੈ। ਹਰ ਕੋਈ ਆਪਣੀ ਡਿਊਟੀ ਕਰਦਾ ਹੈ, ਨਿਜੀ ਜੀਵਨ ਜੀਉਂਦਾ ਹੈ ਪਰ ਉਸ ਦੀ ਕੋਸ਼ਿਸ਼ ਇਹ ਹੀ ਹੁੰਦੀ ਹੈ ਕਿ ਦੁਖ ਸੰਤਾਪ ਤੋਂ ਛੁਟਕਾਰਾ ਪਾ ਸਕੇ ਤੇ ਖੁਸ਼ੀ ਪ੍ਰਾਪਤ ਕਰ ਸਕੇ, ਅਸੀਂ ਸਾਰੇ ਉਸੇ ਮਾਰਗ ਦੇ ਪਾਂਧੀ ਹਾਂ, ਸਾਰੀਆਂ ਲਹਿਰਾਂ ਸਾਗਰ ਵਲ ਹੀ ਜਾ ਰਹੀਆਂ ਹਨ। ਅਸੀਂ ਸਾਰੇ ਹੀ ਉਸ ਅਨੰਦ ਦੀ ਪ੍ਰਾਪਤੀ ਚਾਹੁੰਦੇ ਹਾਂ ਜਿਸ ਨੂੰ ਕੋਈ ਦੁਖ ਛੋਹ ਨਾ ਸਕੇ। ਜੀਵਨ ਦੀ ਫਿਲੌਸਫੀ ਦਾ ਆਰੰਭ ਇਥੋਂ ਹੀ ਹੁੰਦਾ ਹੈ। ਕੀ ਇਹ ਸੱਚ ਨਹੀਂ ਕਿ ਜੋ ਕੁਝ ਵੀ ਅਸੀਂ ਕਰਦੇ ਹਾਂ ਉਹ ਕੇਵਲ ਖੁਸ਼ੀ ਦੀ ਪ੍ਰਾਪਤੀ ਲਈ ਕਰਦੇ ਹਾਂ, ਅਨੰਦ ਪ੍ਰਾਪਤੀ ਲਈ ਹੀ ਕਰਦੇ ਹਾਂ? ਦੁਖ ਇਸ ਗੱਲ ਦਾ ਹੈ ਕਿ ਅਸੀਂ ਉਸ ਖੁਸ਼ੀ, ਉਸ ਅਨੰਦ ਨੂੰ ਪ੍ਰਾਪਤ ਕਰਨ ਦੇ ਅਸਮਰਥ ਹੁੰਦੇ ਹਾਂ ਜਿਸਦੀ ਅਸੀਂ ਚੇਸ਼ਟਾ ਕਰਦੇ ਹਾਂ।

*'ਚਲਦਾ'*

L L L L L L L

## ਜ਼ਰੂਰੀ ਬੇਨਤੀਆਂ

1. **ਆਪ ਜੀ ਨੂੰ ਇਸ ਗੱਲ ਦਾ ਪਤਾ ਲਗ ਹੀ ਗਿਆ ਹੋਵੇਗਾ ਕਿ ਇਸ ਸਾਲ ਅਕਤੂਬਰ 1999 ਨੂੰ ਰਤਵਾੜਾ ਸਾਹਿਬ ਵਿਖੇ ਹੋਣ ਵਾਲਾ ਸਾਲਾਨਾ ਗੁਰਮਤਿ ਸਮਾਗਮ ਨਹੀਂ ਹੋ ਰਿਹਾ। ਬਹੁਤ ਸਾਰੇ ਪ੍ਰੇਮੀ, ਸਮਾਗਮ ਸਮੇਂ ਆ ਕੇ ਆਪਣੇ ਚੰਦੇ, ਰੀਨਿਊਲ ਅਤੇ ਨਵੀਂ ਮੈਂਬਰਸ਼ਿਪ ਜਮ੍ਹਾਂ ਕਰਵਾਉਂਦੇ ਸੀ ਪਰ ਹੁਣ ਚੂੰਕਿ ਸਮਾਗਮ ਨਹੀਂ ਹੋ ਰਿਹਾ, ਇਸ ਲਈ ਬੇਨਤੀ ਹੈ ਕਿ ਆਪ ਜੀ ਆਪਣੇ ਚੰਦੇ ਬੈਂਕ ਡਰਾਫਟ ਜਾਂ ਮਨੀਆਰਡਰ ਰਾਹੀਂ ਭੇਜਣ ਦੀ ਕ੍ਰਿਪਾਲਤਾ ਕਰਨੀ ਜੀ।**
2. ਪੱਤਰ ਵਿਵਹਾਰ ਦੀ ਸੁਵਿਧਾ ਲਈ ਮੈਂਬਰਸ਼ਿਪ ਨੰਬਰ ਜ਼ਰੂਰ ਲਿਖੋ ਜੋ ਕਿ ਲਿਫਾਫੇ ਉਤੇ ਲਿਖੇ ਐਡਰੈਸ ਦੇ ਸ਼ੁਰੂ ਵਿਚ ਦਿਤਾ ਹੁੰਦਾ ਹੈ।
3. ਰਿਨੂਅਲ ਦਾ ਚੰਦਾ ਭੇਜਣ ਸਮੇਂ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਰੀਕ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ।
4. Out station (ਬਾਹਰਲੇ ਸ਼ਹਿਰਾਂ) ਤੋਂ ਚੈਕ ਦੁਆਰਾ ਚੰਦਾ ਭੇਜਦੇ ਸਮੇਂ ਚੈਕ ਕੈਸ਼ ਕਰਨ ਦਾ ਖਰਚਾ ਪਾ ਕੇ ਕੁਲ 220/- ਰੁਪਏ ਦਾ ਚੈਕ ਭੇਜਿਆ ਜਾਵੇ।
5. ਮਨੀਆਰਡਰ ਉਪਰ ਆਪਣਾ ਪਤਾ ਅਤੇ 'ਆਤਮ ਮਾਰਗ' ਦਾ ਪੂਰਾ ਪਤਾ ਮੋਟੇ ਅੱਖਰਾਂ ਵਿਚ ਸਪਸ਼ਟ ਕਰਕੇ ਲਿਖੋ – 'ਆਤਮ ਮਾਰਗ' ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ, ਕੋਠੀ ਨੰਬਰ 781, ਫੇਜ਼ 3ਬੀ1, ਮੋਹਾਲੀ, ਐਸ.ਏ.ਐਸ ਨਗਰ, 160055
6. 'ਆਤਮ ਮਾਰਗ' ਮੈਗਜ਼ੀਨ ਹਰ ਮਹੀਨੇ ਦੀ ਪਹਿਲੀ ਤਰੀਕ ਨੂੰ ਪੋਸਟ ਕਰ ਦਿਤਾ ਜਾਂਦਾ ਹੈ ਪਰ ਕਈ ਵਾਰ ਇਹ ਪਾਠਕਾਂ ਤਕ ਪੁਜਦਾ ਹੀ ਨਹੀਂ ਜਾਂ ਲੇਟ ਪੁਜਦਾ ਹੈ। ਇਸ ਸੂਰਤ ਵਿਚ ਇਸ ਦਫਤਰ ਨੂੰ ਤੁਰੰਤ ਸੂਚਿਤ ਕੀਤਾ ਜਾਵੇ।
7. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
8. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਪੁਰਾਣੇ ਮੈਗਜ਼ੀਨ ਨਹੀਂ ਰਖਣਾ ਚਾਹੁੰਦੇ ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦ੍ਰ ਤੇ ਵਾਪਿਸ ਕਰ ਦਿਤੇ ਜਾਣ।

# ਕੀਨੋ ਬਡੋ ਕਲੂ ਮਹਿ ਸਾਕਾ
## (ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਉਪਲਕਸ਼ ਵਿਚ)

***ਡਾ. ਜਗਜੀਤ ਸਿੰਘ***

ਨਿਰਸੰਦੇਹ ਗੁਰੂ ਤੇਗ ਬਹਾਦਰ ਜੀ ਦੀ ਮਹਾਨ ਸ਼ਹਾਦਤ ਕਲਜੁਗ ਵਿਚ ਵਾਪਰਿਆ ਇਕ ਵੱਡਾ ਅਦੁੱਤੀ ਸਾਕਾ ਹੈ। ਐਸੀ ਘਟਨਾ ਦੀ ਉਦਾਹਰਣ ਮਨੁੱਖਤਾ ਦੇ ਇਤਿਹਾਸ ਵਿਚ ਜਾਂ ਧਰਮ ਦੀ ਆਜ਼ਾਦੀ ਦੇ ਸਮੁੱਚੇ ਇਤਿਹਾਸ ਵਿਚ ਮਿਲਣੀ ਕਠਨ ਹੈ ਜਦੋਂ ਕਿਸੇ ਦੂਜੇ ਧਰਮ ਦੇ ਪੈਰੋਕਾਰਾਂ ਉਪਰ ਬਣੇ ਧਰਮ-ਸੰਕਟ ਨੂੰ ਦੂਰ ਕਰਨ ਲਈ, ਮਾਨਵੀ ਅਧਿਕਾਰਾਂ ਨੂੰ ਪ੍ਰਫੁਲਤ ਰੱਖਣ ਲਈ ਕਿਸੇ ਮਹਾਨ ਸਖਸ਼ੀਅਤ ਨੇ ਆਪਣਾ ਬਲੀਦਾਨ ਦਿਤਾ ਹੋਵੇ। ਏਸੇ ਲਈ ਆਪ ਜੀ ਨੂੰ 'ਗੁਰੂ ਤੇਗ ਬਹਾਦਰ ਹਿੰਦ ਦੀ ਚਾਦਰ' ਕਹਿ ਕੇ ਯਾਦ ਕੀਤਾ ਜਾਂਦਾ ਹੈ।

ਆਪ ਜੀ ਦਾ ਜਨਮ ਪਹਿਲੀ ਅਪ੍ਰੈਲ 1621 ਈ. (ਵੈਸਾਖ ਵਦੀ 5 1678 ਬਿਕਰਮੀ) ਨੂੰ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਅਤੇ ਮਾਤਾ ਨਾਨਕੀ ਜੀ ਦੇ ਗ੍ਰਹਿ ਵਿਖੇ ਹੋਇਆ। ਆਪ ਪੰਜਾਂ ਭਰਾਵਾਂ ਵਿਚੋਂ ਸਭ ਤੋਂ ਛੋਟੇ ਸਨ। ਆਪ ਜੀ ਦਾ ਬਚਪਨ ਅੰਮ੍ਰਿਤਸਰ ਵਿਖੇ ਬੀਤਿਆ ਜਿਥੇ ਭਾਈ ਗੁਰਦਾਸ ਜੀ ਦੀ ਨਿਗਰਾਨੀ ਵਿਚ ਆਪ ਜੀ ਨੇ ਹਰ ਤਰ੍ਹਾਂ ਦੀ ਵਿਦਿਆ ਅਤੇ ਗੁਰਬਾਣੀ ਦੀ ਸਿਖਿਆ ਪ੍ਰਾਪਤ ਕੀਤੀ ਅਤੇ ਬਾਬਾ ਬੁੱਢਾ ਜੀ ਨੇ ਆਪ ਨੂੰ ਘੋੜ ਸਵਾਰੀ, ਨੇਜ਼ੇਬਾਜ਼ੀ ਅਤੇ ਸੂਰਮਗਤੀ ਦੇ ਕਈ ਕਰੱਤਵ ਸਿਖਾਏ। ਆਪ ਜੀ ਦੀ ਰਾਗ ਵਿਦਿਆ ਵਿਚ ਵਿਸ਼ੇਸ਼ ਰੁੱਚੀ ਸੀ ਅਤੇ ਆਪ ਕਾਫੀ ਸਮਾਂ ਪ੍ਰਭੂ ਪਿਆਰ ਅਤੇ ਵੈਰਾਗ ਦੇ ਸ਼ਬਦ ਗਾਇਨ ਕਰਦੇ ਰਹਿੰਦੇ। 12 ਸਾਲ ਦੀ ਆਯੂ ਵਿਚ 4 ਫਰਵਰੀ 1633 ਨੂੰ, ਆਪ ਜੀ ਦੀ ਸ਼ਾਦੀ ਬੀਬੀ ਗੁਜਰੀ ਜੀ ਨਾਲ ਹੋ ਗਈ ਜੋ ਲਖਨੌਰ ਦੇ ਰਹਿਣ ਵਾਲੇ ਸ੍ਰੀ ਲਾਲਚੰਦ ਅਤੇ ਬਿਸ਼ਨ ਕੌਰ ਦੀ ਸਪੁੱਤਰੀ ਸਨ।

1628 ਈ. ਵਿਚ ਸ਼ਾਹਜਹਾਨ ਦਿੱਲੀ ਦੇ ਤਖਤ ਤੇ ਬੈਠਿਆ। ਜਹਾਂਗੀਰ ਦੇ ਸਮੇਂ ਤੋਂ ਹੀ ਦਿੱਲੀ ਦਰਬਾਰ ਦਾ ਰੁਖ ਗੁਰੂ ਘਰ ਵਲ ਸੁਖਾਵਾਂ ਨਹੀਂ ਸੀ। ਨਤੀਜੇ ਵਜੋਂ ਗੁਰੂ ਹਰਿਗੋਬਿੰਦ ਸਾਹਿਬ ਦੇ ਮੁਗਲਾਂ ਨਾਲ ਬਾਦਸ਼ਾਹ ਸ਼ਾਹਜਹਾਨ ਸਮੇਂ ਕਈ ਯੁੱਧ ਹੋਏ ਅਤੇ ਵਿਸ਼ੇਸ਼ ਤੌਰ ਤੇ ਕਰਤਾਰਪੁਰ ਦੇ ਯੁੱਧ ਵਿਚ ਗੁਰੂ ਤੇਗ ਬਹਾਦਰ ਜੀ ਨੇ ਵੀ ਬਹਾਦਰੀ ਦੇ ਜੌਹਰ ਵਿਖਾਏ। ਪਿਤਾ ਗੁਰੂ ਹਰਿਗੋਬਿੰਦ ਸਾਹਿਬ ਦੇ 1644 ਈ. ਵਿਚ ਜੋਤੀ ਜੋਤਿ ਸਮਾਉਣ ਉਪਰੰਤ ਆਪ ਜੀ, ਮਾਤਾ ਨਾਨਕੀ ਜੀ ਅਤੇ ਬੀਬੀ ਗੁਜਰੀ ਜੀ ਸਣੇ ਬਾਬਾ ਬਕਾਲੇ ਆ ਗਏ। ਆਪ ਹਰ ਸਮੇਂ ਸਮਾਧੀ ਸਥਿਤ ਰਹਿੰਦੇ ਸਨ, ਮਾਤਾ ਗੁਜਰੀ ਜੀ ਪੂਰੀ ਚੌਕਸੀ ਨਾਲ ਉਸ ਅਸਥਾਨ ਤੇ ਬੈਠ ਕੇ ਪਹਿਰਾ ਦਿੰਦੇ ਸਨ।

ਗੁਰੂ ਹਰਿਗੋਬਿੰਦ ਸਾਹਿਬ ਤੋਂ ਪਿਛੋਂ ਗੁਰੂ ਹਰਿਰਾਇ ਸਾਹਿਬ ਅਤੇ ਗੁਰੂ ਹਰਿ ਰਾਇ ਸਾਹਿਬ ਤੋਂ ਬਾਅਦ ਉਨ੍ਹਾਂ ਦੇ ਸਪੁੱਤਰ ਗੁਰੂ ਹਰਿਕ੍ਰਿਸ਼ਨ ਸਾਹਿਬ ਗੁਰਗੱਦੀ ਤੇ ਬਿਰਾਜਮਾਨ ਹੋਏ। ਗੁਰੂ ਤੇਗ ਬਹਾਦਰ ਜੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਦਿੱਲੀ ਮਿਲਣ ਆਏ ਅਤੇ ਔਰੰਗਜ਼ੇਬ ਨਾਲ ਮੁਲਾਕਾਤ ਦੀ ਸਾਰੀ ਜਾਣਕਾਰੀ ਪ੍ਰਾਪਤ ਕੀਤੀ।

ਉਪਰੰਤ ਆਪ ਬਾਬਾ ਬਕਾਲਾ ਆ ਗਏ। ਜਲਦੀ ਹੀ ਗੁਰੂ ਹਰਿਕ੍ਰਿਸ਼ਨ ਜੀ ਆਪਣੇ ਪਿਛੋਂ ਅਗਲੇ ਗੁਰੂ ਬਾਰੇ 'ਬਾਬਾ ਬਕਾਲੇ' ਕਹਿ ਕੇ, ਗੁਰੂ ਤੇਗ ਬਹਾਦਰ ਜੀ ਵਲ ਇਸ਼ਾਰਾ ਕੀਤਾ, ਕਿਉਂਕਿ ਆਪ ਉਨ੍ਹਾਂ ਦੇ ਬਾਬਾ ਜੀ ਲਗਦੇ ਸਨ ਅਤੇ ਜੋਤੀ ਜੋਤਿ ਸਮਾ ਗਏ। ਏਥੇ ਆਪ ਜੀ ਨੂੰ ਮੱਖਣਸ਼ਾਹ ਲੁਬਾਣੇ ਨੇ 22 ਪਾਖੰਡੀਆਂ ਅਤੇ ਨਕਲੀ ਗੁਰੂਆਂ ਵਿਚੋਂ ਪਰਖ ਕੇ 'ਗੁਰੂ ਲਾਧੋ ਰੇ, ਗੁਰੂ ਲਾਧੋ ਰੇ' ਪੁਕਾਰ ਕੇ ਪ੍ਰਗਟ ਕੀਤਾ।

ਇਸ ਬਾਰੇ ਇਕ ਸਾਖੀ ਹੈ ਜਦੋਂ ਉਹ ਸਮਾਨ ਦਾ ਭਰਿਆ ਜਹਾਜ਼ ਸਮੁੰਦਰ ਵਿਚ ਲਈ ਜਾ ਰਿਹਾ ਸੀ ਤਾਂ ਉਹ ਮੌਸਮ ਦੀਆਂ ਥਪੇੜਾਂ ਬਹੁਤ ਸਖਤ ਹੋਣ ਕਰਕੇ ਡਾਵਾਂਡੋਲ ਹੋ ਗਿਆ ਅਤੇ ਸਾਰੇ ਮਲਾਹ ਪ੍ਰਮੇਸ਼ਰ ਦੇ ਧਿਆਨ ਵਿਚ ਅਰਦਾਸਾਂ ਕਰ ਰਹੇ ਸਨ। ਉਸ ਵੇਲੇ ਮੱਖਣਸ਼ਾਹ ਨੇ ਅਰਦਾਸ ਕੀਤੀ ਕਿ ਹੇ ਸਤਿਗੁਰੂ! ਤੇਰੀ ਜੋਤ ਅਮਰ ਹੈ, ਮੇਰਾ ਜਹਾਜ਼ ਬੰਨੇ ਲਾ। ਉਸ ਵੇਲੇ ਜਹਾਜ਼ ਡੋਲਣ ਤੋਂ ਹਟ ਗਿਆ, ਉਸ

